ਸ਼ੁਭ ਇੱਛਾਵਾਂ

ਪਿਆਰੇ ਬੱਚਿਓ! ਤੁਹਾਡੇ ਸਾਲਾਨਾ ਇਮਤਿਹਾਨ, ਮਿਤੀ 17 ਫ਼ਰਵਰੀ ਤੋਂ ਸ਼ੁਰੂ ਹੋ ਰਹੇ ਹਨ। ਮੈਂ, ਡਾ. ਅਮਰਪਾਲ ਸਿੰਘ, ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ ਇਸ ਸੰਬੰਧ ਵਿੱਚ ਤੁਹਾਡੇ ਨਾਲ ਆਪਣੇ ਦਿਲ ਦੀਆਂ ਕੁਝ ਗੱਲਾਂ ਸਾਂਝੀਆਂ ਕਰਨੀਆਂ ਚਾਹੁੰਦਾ ਹਾਂ।

ਬੱਚਿਓ! ਇਮਤਿਹਾਨ ਹਰ ਵਿਦਿਆਰਥੀ ਦੇ ਜੀਵਨ ਸਫਰ ਵਿੱਚ ਬਹੁਤ ਹੀ ਮਹੱਤਵਪੂਰਨ ਪੜਾਅ ਹੁੰਦਾ ਹੈ, ਜਿਸ ਵਿੱਚ ਸਫਲਤਾ ਹਾਸਿਲ ਕਰਨ ਉਪਰੰਤ ਉਹ ਆਪਣੀ ਮੰਜ਼ਿਲ ਦੀ ਅਗਲੀ ਪੌੜੀ 'ਤੇ ਕਦਮ ਰੱਖਦਾ ਹੈ। ਮੈਂ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਮੈਨ ਵਜੋਂ ਪ੍ਰੀਖਿਆਵਾਂ ਦੇ ਇਸ ਮਹਾਂਕੁੰਭ ਨੂੰ ਪ੍ਰਸ਼ਾਸਨਿਕ ਪੱਖੋਂ ਹਰ ਤਰ੍ਹਾਂ ਸਫਲ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਾਂਗਾ ਅਤੇ ਯਤਨ ਕਰਾਂਗਾ ਕਿ ਹਰ ਪ੍ਰੀਖਿਆਰਥੀ ਨੂੰ, ਬੇਫ਼ਿਕਰ ਹੋ ਕੇ ਪੂਰੀ ਇਕਾਗਰਤਾ ਅਤੇ ਉਤਸ਼ਾਹ ਨਾਲ ਆਪਣੀ ਪੂਰੇ ਸਾਲ ਦੀ ਮਿਹਨਤ ਨੂੰ ਪ੍ਰੀਖਿਆ ਵਿੱਚ ਪ੍ਰਦਰਸ਼ਿਤ ਕਰਨ ਦਾ ਮਹੌਲ ਦੇ ਸਕੀਏ।

ਇਸ ਦੇ ਨਾਲ ਹੀ ਮੈਂ ਇਹ ਵੀ ਆਸ ਕਰਦਾ ਹਾਂ ਕਿ ਤੁਸੀਂ ਕੇਵਲ ਆਪਣੀ ਤਿਆਰੀ ਵੱਲ ਹੀ ਧਿਆਨ ਨਹੀਂ ਦਿਓਂਗੇ ਸਗੋਂ, ਕੁਝ ਵਿਦਿਆਰਥੀ ਜੋ ਕਮਜ਼ੋਰ ਹਨ, ਉਹਨਾਂ ਨੂੰ ਵੀ ਤੁਸੀਂ ਪ੍ਰੇਰਣਾ ਦਿਓਗੇ ਕਿ ਤੁਹਾਡੀ ਮਿਹਨਤ, ਤਨਦੇਹੀ ਅਤੇ ਇਮਾਨਦਾਰੀ ਨਾਲ ਕੀਤੀ ਗਈ ਪੜ੍ਹਾਈ ਉਪਰੰਤ ਦਿੱਤੀ ਗਈ ਪ੍ਰੀਖਿਆ ਚੰਗੇ ਭਵਿੱਖ ਵੱਲ ਬਹੁਤ ਵੱਡਾ ਸਹਾਰਾ ਤੇ ਰਾਹ ਦਸੇਰਾ ਬਣੇਗੀ।

ਮੈਂ ਪ੍ਰੀਖਿਆਵਾਂ ਵਿੱਚ ਤਾਇਨਾਤ ਸਮੂਹ ਅਮਲੇ ਅਤੇ ਅਧਿਆਪਕ ਸਹਿਬਾਨ ਨੂੰ ਵੀ ਅਪੀਲ ਕਰਦਾ ਹੋਇਆ ਆਸ ਵੀ ਕਰਦਾ ਹਾਂ ਕਿ ਤੁਸੀਂ ਬੋਰਡ ਵੱਲੋਂ ਪਾਰਦਰਸ਼ੀ ਪ੍ਰੀਖਿਆਵਾਂ ਕਰਵਾਉਣ ਦੇ ਉਦੇਸ਼ ਨੂੰ ਆਪਣਾ ਮਿਸ਼ਨ ਬਣਾਉਂਦੇ ਹੋਏ ਪ੍ਰੀਖਿਆਰਥੀਆਂ ਦੇ ਮਜ਼ਬੂਤ ਭਵਿੱਖ ਲਈ ਆਪਣੀ ਡਿਊਟੀ ਪੂਰੀ ਨੈਤਿਕਤਾ ਨਾਲ ਨਿਭਾਉਗੇ।

ਤੁਹਾਨੂੰ ਸਭ ਨੂੰ ਮੇਰੇ ਵੱਲੋਂ ਤਹਿ ਦਿਲੋਂ ਸ਼ੁਭ ਕਾਮਨਾਵਾਂ।

ਚੇਅਰਮੈਨ,
ਪੰਜਾਬ ਸਕੂਲ ਸਿੱਖਿਆ ਬੋਰਡ।